Integrated
Child & Youth
Teams

# ਇੰਟੀਗ੍ਰੇਟਿਡ ਚਾਈਲਡ ਅਤੇ ਯੂਥ ਟੀਮਾਂ
## ਬਾਰੇ ਜਾਣਕਾਰੀ



### 1 ICY ਟੀਮਾਂ ਕੀ ਹਨ?

ਏਕੀਕ੍ਰਿਤ ਬਾਲ ਅਤੇ ਨੌਜਵਾਨ (Integrated Child and Youth Teams, ICY) ਟੀਮਾਂ *'ਏ ਪਾਥਵੇ ਟੂ ਹੋਪ'* ਦਾ ਹਿੱਸਾ ਹਨ – ਜੋ ਕਿ ਬੀ.ਸੀ. ਵਿੱਚ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਸੰਭਾਲ ਨੂੰ ਸੁਧਾਰਨ ਲਈ ਸੂਬਾਈ ਕਾਰਜਨੀਤੀ ਹੈ।

### 2 ਇਹ ਕਿਵੇਂ ਵੱਖਰੀਆਂ ਹਨ?

- ਬੱਚਿਆਂ ਅਤੇ ਨੌਜਵਾਨਾਂ ਲਈ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਉਹ ਸੰਗਠਿਤ ਸੇਵਾਵਾਂ ਅਤੇ ਸਹਾਇਤਾਵਾਂ ਹਨ, ਜੋ ਬਹੁ-ਵਿਭਾਗੀ ਟੀਮਾਂ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਹਨ।
- ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸੇਵਾਵਾਂ ਅਤੇ ਸਹਾਇਤਾਵਾਂ ਨੂੰ ਆਪ ਨਹੀਂ ਖੋਜਣਾ ਪੈਂਦਾ – ਸੇਵਾ ਪ੍ਰਦਾਨਕ ਸੁਚਾਰੂ ਤਬਦੀਲੀਆਂ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ।
- ਸ਼ੁਰੂਆਤੀ ਸਾਲਾਂ ਤੋਂ 19 ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਕੂਲ ਜ਼ਿਲ੍ਹੇ ਅੰਦਰ ICY ਟੀਮ ਦੁਆਰਾ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ।
- ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਕਹਾਣੀ ਮੁੜ-ਮੁੜ ਦੱਸਣ ਦੀ ਲੋੜ ਘੱਟ ਹੁੰਦੀ ਹੈ – ਟੀਮ ਮੈਂਬਰ ਜਾਣਕਾਰੀ ਸਾਂਝੀ ਕਰਦੇ ਹਨ।
- ਸੇਵਾਵਾਂ ਵਿਅਕਤੀ ਅਤੇ ਉਸ ਦੇ ਦੇਖਭਾਲ ਕਰਨ ਵਾਲਿਆਂ ਦੀਆਂ ਖੂਬੀਆਂ ਅਤੇ ਲੋੜਾਂ ਦੇ ਅਧਾਰ 'ਤੇ ਹੁੰਦੀਆਂ ਹਨ।

### 3 ICY ਟੀਮ ਦੇ ਮੈਂਬਰ ਕੌਣ ਹਨ?

- ICY ਪ੍ਰੋਗਰਾਮ ਲੀਡਰ
- ਬੱਚਿਆਂ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਲਈ ਕਲੀਨਿਕਲ ਸਟਾਫ
- ICY ਕਲੀਨਿਕਲ ਕਾਊਂਸਲਰ
- ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਨੌਜਵਾਨਾਂ ਲਈ ਕਲੀਨਿਸ਼ੀਅਨ
- ਨੌਜਵਾਨਾਂ ਲਈ ਪੀਅਰ ਸੁਪੋਰਟ
- ਪਰਿਵਾਰ/ਸੰਭਾਲਕਰਤਾ ਪੀਅਰ ਸੁਪੋਰਟ
- ਉਹ ਅਹੁਦੇ ਜੋ ਮੂਲ ਨਿਵਾਸੀ ਬੱਚਿਆਂ ਅਤੇ ਨੌਜਵਾਨਾਂ ਦੀ ਸਹਾਇਤਾ ਕਰਦੇ ਹਨ ਅਤੇ/ਜਾਂ ਬਹੁ-ਸੱਭਿਆਚਾਰਕ ਅਹੁਦੇ
- ਕਾਰਜਕਾਰੀ ਸਹਾਇਕ ਅਹੁਦੇ

*(ਅਹੁਦਿਆਂ ਦੇ ਨਾਂ ਬਦਲ ਸਕਦੇ ਹਨ)*

ਭਾਈਚਾਰਿਆਂ ਵਿੱਚ ਜਿੱਥੇ ਅਹੁਦੇ ਪਹਿਲਾਂ ਤੋਂ ਮੌਜੂਦ ਹਨ, ਉਨ੍ਹਾਂ ਨੂੰ ਲੋੜ ਅਨੁਸਾਰ ਟੀਮਾਂ ਨੂੰ ਸੌਂਪਿਆ ਜਾਂਦਾ ਹੈ।

ਬੱਚੇ ਜਾਂ ਨੌਜਵਾਨ ਵੱਲੋਂ ਦੱਸੇ ਗਏ ਹੋਰ ਟੀਮ ਮੈਂਬਰ ਵੀ ਸ਼ਾਮਲ ਕੀਤੇ ਜਾ ਸਕਦੇ ਹਨ, ਜਿਵੇਂ ਕਿ ਸੱਭਿਆਚਾਰਕ ਜਾਂ ਧਾਰਮਿਕ/ਅਧਿਆਤਮਿਕ ਸਹਾਇਤਾ, ਪਰਿਵਾਰ, ਦੋਸਤ, ਪਰਿਵਾਰਕ ਡਾਕਟਰ, ਸਮਾਜ ਸੇਵਕ, ਕੋਚ, ਸਹਾਇਤਾ ਕਰਨ ਵਾਲੇ ਲੋਕ, ਐਲਡਰਜ਼ (ਉਹ ਮੂਲ ਨਿਵਾਸੀ ਲੋਕ ਜਿਨ੍ਹਾਂ ਨੂੰ ਆਪਣੀ ਸਿਆਣਪ, ਸੱਭਿਆਚਾਰਕ ਗਿਆਨ, ਅਤੇ ਭਾਈਚਾਰੇ ਦੀ ਸੇਵਾ ਲਈ ਮਾਨਤਾ ਪ੍ਰਾਪਤ ਹੈ), ਹੋਰ ਕਾਊਂਸਲਰ ਜਾਂ ਪੇਸ਼ੇਵਰ (ਵਧੇਰੇ ਆਰਥਿਕ ਸਹਾਇਤਾ ਨਹੀਂ)।


gov.bc.ca/icyteams mha.provincialsupportoffice@gov.bc.ca

# 4 ਸੇਵਾਵਾਂ ਅਤੇ ਰਿਫ਼ਰਲ

ICY ਟੀਮਾਂ ਨੂੰ ਹੋਰ ਸੇਵਾ ਪ੍ਰਦਾਨਕਾਂ ਵੱਲੋਂ ਰਿਫ਼ਰਲ ਮਿਲਦੇ ਹਨ, ਜਿਵੇਂ ਕਿ:

- ਸ਼ੁਰੂਆਤੀ ਸਾਲਾਂ ਦੀਆਂ ਸੇਵਾਵਾਂ
- ਸਕੂਲ ਸਟਾਫ
- ਪ੍ਰਾਇਮਰੀ ਕੇਅਰ
- ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਸੇਵਾਵਾਂ
- ਫਾਊਂਡਰੀ ਸੈਂਟਰ
- ਮੂਲ ਨਿਵਾਸੀਆਂ ਦੀ ਅਗਵਾਈ ਵਾਲੀਆਂ ਸੰਸਥਾਵਾਂ

ਟੀਮਾਂ ਸੱਭਿਆਚਾਰਕ ਤੌਰ 'ਤੇ ਵਧੇਰੇ ਸੁਰੱਖਿਅਤ, ਵਿਸ਼ੇਸ਼ਤਾਵਾਂ-ਅਧਾਰਿਤ ਅਤੇ ਬੱਚੇ-, ਨੌਜਵਾਨ-, ਪਰਿਵਾਰ- ਅਤੇ ਭਾਈਚਾਰਾ-ਕੇਂਦਰਿਤ ਪਹੁੰਚਾਂ ਵੱਲ ਕੰਮ ਕਰਦੀਆਂ ਹਨ। ਇਹ ਇਨੂਇਟ, ਫਰਸਟ ਨੇਸ਼ਨਜ਼ ਅਤੇ ਮੇਟੀ ਸੰਸਥਾਵਾਂ ਨਾਲ ਸੰਪਰਕ ਅਤੇ ਸੰਚਾਰ ਕਰਦੀਆਂ ਹਨ ਅਤੇ ਅਰਥਪੂਰਨ ਅਤੇ ਪਰਸਪਰ ਸੰਬੰਧਾਂ ਵੱਲ ਅੱਗੇ ਵਧਦੀਆਂ ਹਨ।

ਇਹ ਪਹੁੰਚਾਂ ਲਿੰਗ, ਵਿਭਿੰਨਤਾ ਅਤੇ ਟਰੌਮਾ-ਇਨਫ਼ੌਰਮਡ (ਕਿਸੇ ਸਦਮੇ ਦੇ ਭਾਵਨਾਤਮਕ ਅਤੇ ਮਾਨਸਿਕ ਸਿਹਤ ਸੰਬੰਧੀ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ) ਹਨ। ਜਿੱਥੇ ਸੰਭਵ ਹੋਵੇ, ਇਨੂਇਟ, ਫਰਸਟ ਨੇਸ਼ਨਜ਼ ਅਤੇ ਮੇਟੀ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾਵਾਂ ਇਨੂਇਟ, ਫਰਸਟ ਨੇਸ਼ਨਜ਼ ਅਤੇ ਮੇਟੀ ਪ੍ਰਦਾਨਕਾਂ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ, ਅਤੇ ਦੇਖਭਾਲ ਕਰਨ ਵਾਲੇ ਵਧੇਰੇ ਮੈਂਬਰਾਂ ਨੂੰ ਸੱਦਾ ਦਿੱਤਾ ਜਾ ਸਕਦਾ ਹੈ।

ਬਹੁ-ਵਿਭਾਗੀ ਪਹੁੰਚ ਮਾਨਸਿਕ ਸਿਹਤ ਸਹਾਇਤਾਵਾਂ ਦੀ ਵਿਭਿੰਨਤਾ ਨੂੰ ਵਧਾਉਂਦੀ ਹੈ ਤਾਂ ਜੋ ਬੱਚੇ ਅਤੇ ਨੌਜਵਾਨ ਜਦੋਂ ਲੋੜ ਹੋਵੇ, ਸੇਵਾਵਾਂ ਤੱਕ ਪਹੁੰਚ ਸਕਣ।

# 5 ICY ਟੀਮਾਂ ਕਿੱਥੇ ਸਥਿਤ ਹਨ

ICY ਟੀਮਾਂ ਸਕੂਲ ਜ਼ਿਲ੍ਹਿਆਂ ਦੇ ਦਾਇਰੇ ਅੰਦਰ ਕੰਮ ਕਰਦੀਆਂ ਹਨ। ਇਸ ਵਿੱਚ ਫਰਸਟ ਨੇਸ਼ਨਜ਼ ਵੱਲੋਂ ਚਲਾਏ ਜਾਂਦੇ ਸਕੂਲਾਂ, ਸੁਤੰਤਰ ਸਕੂਲਾਂ, ਵਿਕਲਪਕ ਸਕੂਲੀ ਵਾਤਾਵਰਣਾਂ ਵਿੱਚ ਪੜ੍ਹ ਰਹੇ ਵਿਦਿਆਰਥੀ, ਅਤੇ ਉਹ ਬੱਚੇ ਜਾਂ ਨੌਜਵਾਨ ਵੀ ਸ਼ਾਮਲ ਹਨ ਜੋ ਇਸ ਵੇਲੇ ਸਕੂਲ ਵਿੱਚ ਨਹੀਂ ਹਨ।

ਜੇ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾਵਾਂ ਨਵੀਆਂ ਹਨ, ਤਾਂ ਉਹ ਆਪਣੇ ਇਲਾਕੇ ਦੇ ਆਧਾਰ 'ਤੇ ICY ਟੀਮਾਂ ਨਾਲ ਜੁੜਦੇ ਹਨ।

ICY ਟੀਮਾਂ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਨਾਲ ਆਉਟਬਾਊਂਡ ਸੇਵਾਵਾਂ ਵਿੱਚ ਅਤੇ ਨਿਯਮਿਤ ਦੇਖਭਾਲ ਵਾਲੀਆਂ ਥਾਵਾਂ ਵਿੱਚ ਮਿਲਣਗੀਆਂ।

### ਫਰੇਜ਼ਰ ਇਲਾਕਾ:

- Maple Ridge–Pitt Meadows (School District 42)
- Agassiz, Harrison, Hope, and Boston Bar (School District 78 Fraser-Cascade)
- Mission (School District 75)
- Delta (School District 37)
- Surrey - Cloverdale-Fleetwood neighbourhood (School District 36)

### ਇੰਟੀਰੀਅਰ ਇਲਾਕਾ:

- Kwsaltktnéws ne Secwepemcúl'ecw (School District 83)
- Oliver, Keremeos (School District 53)
- Castlegar, Trail (School District 20)
- Lytton, Cache Creek, Lillooet (School District 74)
- Princeton, Merritt (School District 58)

### ਆਇਲੈਂਡ ਇਲਾਕਾ:

- Comox Valley (School District 71)
- Nanaimo-Ladysmith (School District 68)
- Port Alberni (School District 70 Pacific Rim)
- Cowichan Valley (School District 79)
- Qualicum (School District 69)

### ਉੱਤਰੀ ਇਲਾਕਾ:

- Terrace, Kitimat, and Stewart, Kitsumkalum Nation, Kitselas Nation, and Haisla Nation (School District 82 Coast Mountains)
- The Hazeltons, Gitxsan Nations and Hagwilget Nation (School District 82 Coast Mountains)
- Dawson Creek, Chetwynd, Tumbler Ridge (School District 59 Peace River South)

### ਵੈਨਕੂਵਰ/ਕੋਸਟਲ ਇਲਾਕਾ:

- Richmond (School District 38)
- qathet (Powell River) (School District 47)
- Bella Coola, Bella Bella (School District 49 Central Coast)



gov.bc.ca/icyteams mha.provincialsupportoffice@gov.bc.ca